**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।**
**(S.S.S. Board, Punjab)**
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ।

## ਜਨਤਕ ਨੋਟਿਸ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਮਿਤੀ 28.11.2015 ਨੂੰ ਕਲਰਕਾਂ ਅਤੇ ਕਲਰਕ-ਕਮ-ਡਾਟਾ ਐਂਟਰੀ ਅਪਰੇਟਰ ਦੀਆਂ ਆਸ਼ਾਮੀਆਂ ਭਰਨ ਲਈ ਵੱਖ-ਵੱਖ ਅਖਬਾਰਾਂ ਵਿੱਚ ਇਸ਼ਤਿਹਾਰ ਨੰ: 04 ਆਫ 2015 ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਇਸ਼ਤਿਹਾਰ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਹੋਰ ਮੰਗ-ਪੱਤਰਾਂ ਅਨੁਸਾਰ ਅਤੇ ਪਹਿਲਾਂ ਪ੍ਰਕਾਸ਼ਿਤ ਕੀਤੀਆਂ ਆਸਾਮੀਆਂ ਸਮੇਤ ਹੁਣ ਤੱਕ ਕਲਰਕਾਂ ਦੀਆਂ ਕੁੱਲ ਆਸਾਮੀਆਂ ਦੀ ਗਿਣਤੀ ਵੱਧ ਕੇ ਹੇਠ ਲਿਖੇ ਅਨੁਸਾਰ ਹੋ ਗਈ ਹੈ:-

| ਜਨਰਲ | ਐਸ.ਸੀ. | ਬੀ.ਸੀ. | ਸਾਬਕਾ ਫੌਜੀ | ਅੰਗਹੀਣ | ਖਿਡਾਰੀ | ਸੁਤੰਤਰਤਾ ਸੰਗਰਾਮੀ | ਕੁੱਲ |
|---|---|---|---|---|---|---|---|
| 845 | 410 | 185 | 306 | 116 | 74 | 17 | 1953 |

2. ਉਪਰੋਕਤ ਆਸ਼ਾਮੀਆਂ ਵਿਰੁੱਧ ਜਿਹੜੇ ਹੋਰ ਸੰਭਾਵਿਤ ਉਮੀਦਵਾਰ ਅਪਲਾਈ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਮਿਤੀ 15.02.2016 ਤੋਂ 01.03.2016 ਤੱਕ ਬੋਰਡ ਦੀ ਵੈਬਸਾਈਟ www.punjabsssb.gov.in ਤੇ ਆਨ-ਲਾਈਨ ਅਪਲਾਈ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਅਪਲਾਈ ਕਰਨ ਲਈ ਮਿਤੀਆਂ ਹੇਠ ਲਿਖੇ ਅਨੁਸਾਰ ਹਨ:-

| | |
|---|---|
| ਅਪਲਾਈ ਕਰਨ ਦੀ ਆਖਰੀ ਮਿਤੀ | 01.03.2016 |
| ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | 04.03.2016 |
| ਦਸਤਾਵੇਜ ਅਪਲੋਡ ਕਰਨ ਦੀ ਆਖਰੀ ਮਿਤੀ | 10.03.2016 |

3. ਇਨ੍ਹਾਂ ਆਸਾਮੀਆਂ ਤੇ ਭਰਤੀ ਲਈ ਉਮੀਦਵਾਰਾਂ ਨੂੰ ਪੰਜਾਬੀ ਟਾਈਪ ਟੈਸਟ ਤੋਂ ਇਲਾਵਾ ਅੰਗਰੇਜੀ ਟਾਈਪ ਟੈਸਟ ਵੀ ਪਾਸ ਕਰਨਾ ਹੋਵੇਗਾ ਅਤੇ ਦੋਨਾਂ ਟੈਸਟਾਂ ਵਿੱਚ 300-300 ਸ਼ਬਦਾਂ ਦੇ ਦੋ ਪੈਰ੍ਹੇ ਹੋਣਗੇ, ਜਿਨ੍ਹਾਂ ਨੂੰ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਕੇਵਲ ਕੰਪਿਊਟਰ ਤੇ ਹੀ ਟਾਈਪ ਕਰਨਾ ਹੋਵੇਗਾ।

4. ਇਸ ਸਮੇਂ ਦੌਰਾਨ ਜਿਨ੍ਹਾਂ ਉਮੀਦਵਾਰਾਂ ਨੇ ਪਹਿਲਾਂ ਅਪਲਾਈ ਕੀਤਾ ਹੋਇਆ ਹੈ, ਪਰੰਤੂ ਉਨ੍ਹਾਂ ਦਾ ਫੀਸ ਭਰਨ ਜਾਂ ਦਸਤਾਵੇਜ ਅਪਲੋਡ ਕਰਨ ਦਾ ਪ੍ਰੋਸੈੱਸ ਮੁਕੰਮਲ ਨਹੀਂ ਹੋ ਸਕਿਆ, ਉਹ ਵੀ ਆਪਣਾ ਪ੍ਰੋਸੈੱਸ ਮੁਕੰਮਲ ਕਰ ਸਕਣਗੇ।

5. ਜਿਹੜੇ ਉਮੀਦਵਾਰ ਪਹਿਲਾਂ ਅਪਲਾਈ ਕਰ ਚੁੱਕੇ ਹਨ, ਉਨ੍ਹਾਂ ਨੂੰ ਦੁਬਾਰਾ ਅਪਲਾਈ ਕਰਨ ਦੀ ਲੋੜ ਨਹੀਂ ਹੈ।

6. ਬਾਕੀ ਸ਼ਰਤਾਂ ਤੇ ਬਾਨਾਂ ਲਈ ਇਸ਼ਤਿਹਾਰ ਨੰ: 04 ਆਫ 2015 ਸਬੰਧੀ ਡਿਟੇਲਡ ਸੂਚਨਾ ਬੋਰਡ ਦੀ ਵੈਬਸਾਈਟ www.punjabsssb.gov.in ਉਪਰ ਉਪਲਬੱਧ ਹੈ।

ਮਿਤੀ: 11.02.2016

ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।